ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ
(ਆਰ.ਆਰ.ਸ਼ਾਖਾ)

## ਹੁਕਮ

ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 30.9.2001 ਨੂੰ ਮੀਟਿੰਗ ਦੰਗਾ ਪੀੜਤ ਵੈਲਫੇਅਰ ਸੋਸਾਇਟੀ, ਪੰਜਾਬ ਦੇ ਨੁਮਾਇੰਦਿਆਂ ਨਾਲ ਹੋਈ ਸੀ । ਉਸ ਮੀਟਿੰਗ ਵਿੱਚ ਦੰਗਾ ਪੀੜਤਾਂ ਨੂੰ ਐਲ.ਆਈ.ਜੀ/ਐਮ.ਆਈ.ਜੀ. ਮਕਾਨਾਂ ਦੀ ਅਲਾਟਮੈਂਟ ਕਰਨ ਲਈ ਕਮੇਟੀ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਕਮੇਟੀ ਸੰਗਠਤ ਕਰਨ ਲਈ ਫੈਸਲਾ ਹੋਇਆ ਹੈ । ਇਸ ਕਮੇਟੀ ਦਾ ਸੰਗਠਨ ਹੇਠ ਲਿਖੇ ਅਨੁਸਾਰ ਕੀਤਾ ਜਾਂਦਾ ਹੈ:-

| ਲੜੀ ਨੰ: | ਨਾਮ ਅਤੇ ਅਹੁਦਾ | |
|---|---|---|
| 1. | ਡਿਪਟੀ ਕਮਿਸ਼ਨਰ | ਚੇਅਰਮੈਨ |
| 2. | ਡਾਇਰੈਕਟਰ ਸਹਾਇਤਾ ਤੇ ਮੁੜ ਸਥਾਪਨ ਵਿਭਾਗ । | ਮੈਂਬਰ |
| 3. | ਵਧੀਕ ਮੁੱਖ ਪ੍ਰਸ਼ਾਸਕ ਪੁੱਡਾ | ਮੈਂਬਰ |

2. ਸ਼੍ਰੀ ਸੁਰਜੀਤ ਸਿੰਘ ਪ੍ਰਧਾਨ ਦੰਗਾ ਪੀੜਤ ਵੈਲਫੇਅਰ ਸੋਸਾਇਟੀ ਲੁਧਿਆਣਾ ਜਾਂ ਉਹਨਾਂ ਦਾ ਨੁਮਾਇੰਦਾ ਬਤੌਰ ਆਬਜ਼ਰਵਰ ਹੋਵੇਗਾ । ਮਕਾਨਾਂ ਦੀ ਅਲਾਟਮੈਂਟ ਕਰਨ ਲਈ ਹੇਠ ਲਿਖੀਆਂ ਗਾਈਡ ਲਾਈਨਜ਼ ਨੂੰ ਧਿਆਨ ਵਿੱਚ ਲਿਆਂਦਾ ਜਾਵੇਗਾ।-

1. ਇਹ ਕਿ ਉਹ ਬਤੌਰ ਦੰਗਾ ਪੀੜਤ ਲਾਲ ਕਾਰਡ ਹੋਲਡਰ ਹੋਵੇ ।
2. ਪੁਰਾਣੀ ਮਾਰਗਦਰਸ਼ਿਕਾ ਅਨੁਸਾਰ ਉਸ ਦੀ ਆਮਦਨ ਪੁਰਾਣੇ ਰੇਟਾਂ ਅਨੁਸਾਰ 1986 ਵਿੱਚ 300/-ਰੁਪਏ ਪ੍ਰਤੀ ਮਹੀਨਾ ਰਹੀ ਹੋਵੇ ਜਿਸ ਨੂੰ ਕਮੇਟੀ ਅੱਜ ਦੀ ਕੀਮਤ ਮਹਿੰਗਾਈ ਮੁਤਾਬਿਕ ਮਿੱਥ ਕੇ ਆਮਦਨ ਬਾਰੇ ਫੈਸਲਾ ਲਵੇਗੀ ।

3. ਉਪਰੋਕਤ ਤੋਂ ਇਲਾਵਾ ਰਾਸ਼ਨ ਕਾਰਡ ਜਾਂ ਹੋਰ ਕਿਸੇ ਯੋਗ ਸਬੂਤ ਤੇ ਕਮੇਟੀ ਅਧਾਰ ਬਣਾ ਸਕਦੀ ਹੈ । ਚੋਣ ਵੇਲੇ ਉਨ੍ਹਾਂ ਵਿਅਕਤੀਆਂ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ ਜਿਨ੍ਹਾਂ ਨੂੰ ਹੁਣ ਤੱਕ ਕੋਈ ਵੀ ਲਾਭ ਪ੍ਰਾਪਤ ਨਹੀਂ ਹੋਇਆ । ਇਸ ਦ੍ਰਿਸ਼ਟੀਕੋਣ ਨੂੰ ਮੁੱਖ ਰੱਖਦੇ ਹੋਏ ਮੈਰਿਟ ਬਾਰੇ ਕਮੇਟੀ ਮੁਨਾਸਿਬ ਫੈਸਲਾ ਲਵੇਗੀ । ਜੇ ਲੋੜ ਹੋਵੇਗੀ ਤਾਂ ਇਕੋ ਜਿਹੀ ਮੈਰਿਟ ਵਾਲੇ ਵਿਅਕਤੀਆਂ ਬਾਰੇ ਲਾਟਰੀ ਰਾਹੀਂ ਫੈਸਲਾ ਕਿਆ ਜਾ ਸਕਦਾ ਹੈ । ਉਪਰੋਕਤ ਤੋਂ ਛੁਟ ਤਰਸ ਯੋਗ ਹਾਲਾਤ ਬਾਰੇ ਕਿਸੇ ਵੀ ਮੈਰਿਟ ਦੇ ਆਧਾਰ ਨੂੰ ਮੁੱਖ ਰਖਦੇ ਹੋਏ ਫੈਸਲਾ ਲੈਣ ਦਾ ਕਮੇਟੀ ਨੂੰ ਪੂਰਾ ਅਧਿਕਾਰ ਹੋਵੇਗਾ ।

4. ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਚੁਣਿਆ ਗਿਆ ਵਿਅਕਤੀ ਅਸਲ ਵਿੱਚ ਦੰਗਾ ਪੀੜਤ ਹੈ ਅਤੇ ਸਾਲ 1986 ਤੋਂ ਲਗਾਤਾਰ ਪੰਜਾਬ ਵਿੱਚ ਰਹਿ ਰਿਹਾ ਹੈ, ਦੇਸਬੂਤ ਵਜੋਂ ਰੈਡ ਕਾਰਡ ਅਤੇ ਰਾਸ਼ਨ ਕਾਰਡ ਵੇਖੇ ਜਾਣਗੇ । ਰਾਸ਼ਨ ਕਾਰਡ ਨਾ ਹੋਣ ਦੀ ਸੂਰਤ ਵਿੱਚ ਕੋਈ ਹੋਰ ਦਸਤਾਵੇਜ਼ ਜੋ ਉਸ ਦੀ ਰਿਹਾਇਸ਼ ਦੀ ਪੁਸ਼ਟੀ ਕਰਦਾ ਹੋਵੇ, ਨੂੰ ਅਧਾਰ ਮੰਨਿਆ ਜਾਵੇਗਾ । ਇਨ੍ਹਾਂ ਤੋਂ ਇਲਾਵਾ ਹੋਰ ਵੀ ਕੋਈ ਨਿਰਦੇਸ਼ ਜੋ ਕਮੇਟੀ ਮਹਿਸੂਸ ਕਰੇ ਬਣਾ ਸਕਦੀ ਹੈ । ਪਾਤਰ ਵਿਅਕਤੀਆਂ ਦੀ ਸੰਖਿਆ ਮਕਾਨਾਂ ਦੀ ਸੰਖਿਆ ਤੋਂ ਅਧਿਕ ਹੋਣ ਦੀ ਸੂਰਤ ਵਿੱਚ ਫੈਸਲਾ ਲਾਟਰੀ ਦੁਆਰਾ ਕੀਤਾ ਜਾਵੇਗਾ ।

5. ਇਨ੍ਹਾਂ ਗਾਈਡ ਲਾਈਨਾ ਦੇ ਨਾਲ-ਨਾਲ ਜੇਕਰ ਕਮੇਟੀ ਕੋਈ ਹੋਰ ਗਾਈਡ ਲਾਈਨ ਉਚਿਤ ਸਮਝਦੀ ਹੋਵੇ ਜਿਸ ਦੇ ਨਾਲ ਪਬਲਿਕ ਇੰਟਰਸਟ ਸਰਵ ਹੁੰਦਾ ਹੋਵੇ, ਉਸ ਨੂੰ ਵੀ ਗਾਈਡ ਲਾਈਨ ਮੰਨ ਕੇ ਕਲੇਟੇਰੀਆ ਬਣਾਇਆ ਜਾ ਸਕਦਾ ਹੈ।

ਚੰਡੀਗੜ੍ਹ, ਮਿਤੀ:

ਬੀ.ਕੇ.ਸ੍ਰੀ ਵਾਸਤਵਾ,
ਸਕੱਤਰ, ਪੰਜਾਬ ਸਰਕਾਰ,
ਸਹਾਇਤਾ ਤੇ ਮੁੜ ਸਥਾਪਨ ਵਿਭਾਗ।

ਪਿਠਅੰਕਣ ਨੰ: 1/8/97-ਰ.ਰ.1/14090 ਚੰਡੀਗੜ੍ਹ, ਮਿਤੀ:- 14/9/2001

ਇੱਕ ਉਤਾਰਾ ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

2/2 ਡਾਇਰੈਕਟਰ-ਕਮ-ਵਧੀਕ ਸਕੱਤਰ,
ਪੰਜਾਬ ਸਰਕਾਰ, ਸਹਾਇਤਾ ਤੇ
ਮੁੜ ਸਥਾਪਨ ਵਿਭਾਗ।
14-9-01

ਪਿਠਅੰਕਣ ਨੰ: 1/8/97-ਰ.ਰ.1/ 14091 ਚੰਡੀਗੜ੍ਹ, ਮਿਤੀ:- 14/9/2001

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਪੰਜਾਬ ਰਾਜ ਦੇ ਡਿਪਟੀ ਕਮਿਸ਼ਨਰ।
2. ਡਾਇਰੈਕਟਰ ਸਹਾਇਤਾ ਤੇ ਮੁੜ ਸਥਾਪਨ ਵਿਭਾਗ।
3. ਮੁੱਖ ਪ੍ਰਸ਼ਾਸਕ ਪੁੱਡਾ/ ਸਮੂਹ ਪੰਜਾਬ ਰਾਜ ਦੇ ਏ.ਡੀ.ਏ.ਪੁੱਡਾ।
4. ਸ੍ਰੀ ਸੁਰਜੀਤ ਸਿੰਘ ਪ੍ਰਧਾਨ, ਦੰਗਾ ਪੀੜਤ ਵੈਲਫੇਅਰ ਸੋਸਾਇਟੀ, ਪੰਜਾਬ, ਮਕਾਨ ਨੰ: 366, ਹਾਊਸਿੰਗ ਬੋਰਡ ਕਲੋਨੀ, ਦੁੱਗਰੀ ਰੋਡ, ਲੁਧਿਆਣਾ।

2/2 ਡਾਇਰੈਕਟਰ-ਕਮ-ਵਧੀਕ ਸਕੱਤਰ,
ਪੰਜਾਬ ਸਰਕਾਰ,
ਸਹਾਇਤਾ ਤੇ ਮੁੜ ਸਥਾਪਨ ਵਿਭਾਗ।
14-9-01